# ਫਾਰਮ ਨੰ: 42
## (ਰੂਲ 265 ਵੇਖੋਂ)

**ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਲਾਭਪਾਤਰੀ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਦੇਣ ਸਬੰਧੀ ਫਾਰਮ**

ਲਾਭਪਾਤਰੀ ਦੀ ਤਸਦੀਕ ਸ਼ੁਦਾ ਫੋਟੋ

1. ਪ੍ਰਾਰਥੀ ਦਾ ਨਾਂ (ਅੰਗ੍ਰੇਜੀ ਅਤੇ ਪੰਜਾਬੀ ਵਿਚ ) : ______________________
______________________
2. ਪਿਤਾ/ ਪਤੀ ਦਾ ਨਾਂ (ਅੰਗ੍ਰੇਜੀ ਅਤੇ ਪੰਜਾਬੀ ਵਿਚ ) : ______________________
______________________
3. ਮੌਜੂਦਾ ਪਤਾ : ______________________
______________________
______________________
4. ਪੱਕਾ ਪਤਾ : ______________________
______________________
______________________
5. ਰਜਿਸਟ੍ਰੇਸ਼ਨ ਨੰਬਰ : ______________________
6. ਰਜਿਸਟ੍ਰੇਸ਼ਨ ਦੀ ਮਿਤੀ : ______________________
7. ਰਜਿਸਟ੍ਰੇਸ਼ਨ ਦਾ ਸਥਾਨ/ ਜਿਲ੍ਹਾਂ : 1.______________________
2. ______________________
8. ਪਹਿਚਾਨ ਦਾ ਨਿਸ਼ਾਨ : ______________________
9. ਜਨਮ ਮਿਤੀ : ______________________
10. 60 ਸਾਲ ਦੀ ਉਮਰ ਪੂਰੀ ਹੋਂਣ ਦੀ ਮਿਤੀ : ______________________
11. 60 ਸਾਲ ਦੀ ਉਮਰ ਪੂਰੀ ਹੋਣ ਦੀ ਮਿਤੀ ਨੂੰ ਬੋਰਡ ਵਿਚ ਮੈਂਬਰਸ਼ਿਪ ਦਾ ਕੁੱਲ ਸਮਾਂ : ਸਾਲ ਮਹੀਨਾ ਮਿਤੀ
12. ਪਤੀ/ ਪਤਨੀ ਦੇ ਵੇਰਵੇ :

| ਲੜੀ ਨੰ: | ਨਾਮ | ਜਨਮ ਮਿਤੀ | ਉਮਰ | ਪ੍ਰਾਰਥੀ ਨਾਲ ਰਿਸ਼ਤਾ |
|---|---|---|---|---|
| | | | | |

13. ਬੈਂਕ ਦੇ ਵੇਰਵੇ :
    - ੳ) ਬੈਂਕ ਦਾ ਨਾਮ ______________________
    - ਅ) ਬੈਂਕ ਬਰਾਂਚ ਦਾ ਨਾਂ ______________________
    - ੲ) ਖਾਤਾ ਨੰਬਰ ______________________
    - ਸ) ਬੈਂਕ ਦਾ IFSC ਕੋਡ ______________________
14. ਅੰਤਿਮਵਾਰ ਅੰਸ਼ਦਾਨ ਕਦੋਂ ਜਮਾਂ ਕਰਵਾਇਆ : ______________________
15. ਅੰਸ਼ਦਾਨ ਕਦੋਂ ਤਕ ਜਮ੍ਹਾਂ ਹੋਇਆ : ______________________
16. ਲੋੜੀਂਦੇ ਦਸਤਾਵੇਜ਼ਾ ਦੀ ਸੂਚੀ
    - ੳ) ਬੋਰਡ ਵਲੋਂ ਜਾਰੀ ਪਹਿਚਾਨ ਪੱਤਰ ______________________
    - ਅ) ਬੈਂਕ ਦੀ ਪਾਸ ਬੁਕ ਦੀ ਕਾਪੀ ______________________
    - ੲ) ਪਤੀ ਜਾਂ ਪਤਨੀ ਦੀ ਸਾਂਝੀ ਪਾਸਪੋਰਟ ਸਾਈਜ ਦੀਆਂ ਤਿੰਨ-ਤਿੰਨ ਫੋਟੋ ______________________
    - ਸ) ਆਧਾਰ ਕਾਰਡ ਦੀ ਕਾਪੀ ______________________
17. ਕਿਸੇ ਸੰਸਥਾ/ਵਿਭਾਗ ਤੋਂ ਪ੍ਰਾਪਤ ਕੀਤੀ ਜਾ ਰਹੀ ਕਿਸੇ ਹੋਰ ਪੈਨਸ਼ਨ ਦੇ ਵੇਰਵੇ (ਸਵੈ ਘੋਸ਼ਣਾ ਸਰਟੀਫਿਕੇਟ ਨੱਥੀ ਕਰੋ) :
    - ੳ) ਸੰਸਥਾ ਦਾ ਨਾਮ ______________________
    - ਅ) ਪ੍ਰਤਿ ਮਹੀਨਾ ਰਕਮ ______________________

18. ਪ੍ਰਾਰਥੀ ਦੇ ਨਮੂਨਾ ਹਸਤਾਖਰ | ਪਤੀ ਜਾਂ ਪਤਨੀ ਦੇ ਨਮੂਨਾ ਹਸਤਾਖਰ

1. ______________________ ______________________
2. ______________________ ______________________
3. ______________________ ______________________

ਉਪਰ ਦਿੱਤੀ ਸੂਚੀ ਮੇਰੀ ਜਾਣਕਾਰੀ ਅਤੇ ਵਿਸ਼ਵਾਸ਼ ਮੁਤਾਬਕ ਬਿਲਕੁੱਲ ਦਰੁਸਤ ਹੈ।

ਸਥਾਨ ______________

ਮਿਤੀ ______________

ਪ੍ਰਾਰਥੀ ਦਾ ਨਾਮ ਅਤੇ ਹਸਤਾਖਰ/ ਜਾਂ
ਅੰਗੂਠਾ ਨਿਸ਼ਾਨ

ਤਸਦੀਕ

ਮੇਰੇ ਵਲੋਂ ਉਪਰ ਦਰਸ਼ਾਈ ਸੂਚਨਾਂ ਤਸਦੀਕ ਕਰਕੇ ਦਰੁਸਤ ਪਾਈ ਗਈ।

ਕਿਰਤ ਇੰਸਪੈਕਟਰ

ਪ੍ਰਤਿ ਹਸਤਾਖਰ

ਸਹਾਇਕ ਕਿਰਤ ਕਮਿਸ਼ਨਰ/
ਕਿਤਰ ਤੇ ਸੁਲਾਹ ਅਫਸਰ

**ਸ਼ਰਤਾਂ:-**

1. ਅਜਿਹੇ ਪੰਜੀਕ੍ਰਿਤ ਉਸਾਰੀ ਕਿਰਤੀ ਜਿਨ੍ਹਾਂ ਦੀ ਉਮਰ 60 ਸਾਲ ਪੂਰੀ ਹੋ ਚੁੱਕੀ ਹੋਵੇ ਅਤੇ ਉਨ੍ਹਾਂ ਦੀ ਬੋਰਡ ਪਾਸ ਮੈਂਬਰਸ਼ਿਪ ਘੱਟੋ-ਘੱਟ 5 ਸਾਲ ਦੀ ਹੋਵੇ ਅਤੇ ਉਸ ਵਲੋਂ ਲਗਾਤਾਰ ਪੂਰੀ ਅੰਸ਼ਦਾਨ ਦੀ ਰਾਸ਼ੀ ਜਮਾਂ ਕਰਵਾਈ ਹੋਵੇ, ਨੂੰ ਬੋਰਡ ਵਲੋਂ 4000/- ਰੁਪਏ ਪ੍ਰਤੀ ਸਾਲ ਪੈਨਸ਼ਨ ਦਿਤੀ ਜਾਵੇਗੀ।

2. ਜਿਹੜੇ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੈਂਬਰਸ਼ਿਪ ਲਗਾਤਾਰ 10 ਸਾਲ ਪੂਰੀ ਹੋ ਚੁੱਕੀ ਹੋਵੇ ਅਤੇ ਉਸਨੇ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾਈ ਹੋਵੇ, ਉਸਨੂੰ 60 ਸਾਲ ਦੀ ਉਮਰ ਪੂਰੀ ਕਰਨ ਤੇ 6000/- ਰੁਪਏ ਸਾਲਾਨਾ ਪੈਨਸ਼ਨ ਦਿਤੀ ਜਾਵੇਗੀ।

3. ਜਿਹੜੇ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੈਂਬਰਸ਼ਿਪ ਲਗਾਤਾਰ 15 ਸਾਲ ਪੂਰੀ ਹੋ ਚੁੱਕੀ ਹੋਵੇ ਅਤੇ ਉਸਨੇ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾਈ ਹੋਵੇ, ਉਸਨੂੰ 60 ਸਾਲ ਦੀ ਉਮਰ ਪੂਰੀ ਕਰਨ ਤੇ 8000/- ਰੁਪਏ ਸਾਲਾਨਾ ਪੈਨਸ਼ਨ ਦਿਤੀ ਜਾਵੇਗੀ।

4. ਜਿਹੜੇ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੈਂਬਰਸ਼ਿਪ ਲਗਾਤਾਰ 20 ਸਾਲ ਜਾਂ ਇਸ ਤੋਂ ਉਪਰ ਹੋ ਚੁੱਕੀ ਹੈ ਅਤੇ ਉਸ ਵਲੋਂ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾਈ ਹੋਵੇ, ਉਸਨੂੰ 60 ਸਾਲ ਦੀ ਉਮਰ ਪੂਰੀ ਕਰਨ ਤੇ 10000/- ਰੁਪਏ ਸਾਲਾਨਾ ਪੈਨਸ਼ਨ ਦਿਤੀ ਜਾਵੇਗੀ।

5. ਜੇਕਰ ਕੋਈ ਪੰਜੀਕ੍ਰਿਤ ਲਾਭਪਾਤਰੀ ਘੱਟ ਤੋਂ ਘੱਟ ਇਕ ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ ਪੂਰਨ ਤੌਰ ਤੇ ਅਪਾਹਜ਼ ਹੋ ਜਾਂਦਾ ਹੈ ਤਾਂ ਉਸਨੂੰ ਵੀ 4000/- ਰੁਪਏ ਸਾਲਾਨਾ ਪੈਨਸ਼ਨ ਅਪਾਹਜ਼ ਹੋਣ ਦੀ ਮਿਤੀ ਤੋਂ ਦਿਤੀ ਜਾਵੇਗੀ। ਪੂਰਨ ਅਪੰਗਤਾ ਬਾਰੇ ਸਰਟੀਫਿਕੇਟ ਜਿਲ੍ਹੇ ਦੇ ਸਿਵਲ ਸਰਜ਼ਨ ਵਲੋਂ ਦਿਤਾ ਜਾਵੇਗਾ।

6. ਜੇਕਰ ਕਿਸੇ ਪੰਜੀਕ੍ਰਿਤ ਲਾਭਪਾਤਰੀ ਦੀ ਘੱਟੋ-ਘੱਟ ਇਕ ਸਾਲ ਦੀ ਮੈਂਬਰਸ਼ਿਪ ਉਪਰੰਤ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਪਤਨੀ ਜਾਂ ਪਤੀ ਨੂੰ ਪੈਨਸ਼ਨ ਦੀ ਅੱਧੀ ਰਕਮ (2000/- ਰੁਪਏ ਸਾਲਾਨਾ) ਫੈਮਲੀ ਪੈਨਸ਼ਨ ਦੇ ਤੌਰ ਤੇ ਉਦੋਂ ਤੱਕ ਮਿਲਦੀ ਰਹੇਗੀ ਜਦੋ ਤਕ ਉਹ ਜਿੰਦਾ ਰਹਿੰਦੀ/ ਰਹਿੰਦਾ ਹੈ ਜਾਂ ਦੂਸਰਾ ਵਿਆਹ ਨਹੀਂ ਕਰਵਾ ਲੈਂਦੀ/ਲੈਂਦਾ ਹੈ। ਜੇਕਰ ਮ੍ਰਿਤਕ ਲਾਭਪਾਤਰੀ ਦਾ ਪਤੀ ਜਾ ਪਤਨੀ ਖੁਦ ਵੀ ਬੋਰਡ ਦਾ ਲਾਭਪਾਤਰੀ ਹੈ ਅਤੇ ਉਸ ਨੂੰ ਖੁਦ ਪੈਨਸ਼ਨ ਮਿਲਦੀ ਹੈ, ਉਸਦੀ ਫੈਮਲੀ ਪੈਨਸ਼ਨ ਬੰਦ ਹੋ ਜਾਵੇਗੀ।

7. ਜੇਕਰ ਪੈਨਸ਼ਨਰ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਪਤਨੀ/ਪਤੀ ਖੁਦ ਜਿੰਦਾ ਰਹਿਣ ਤੱਕ ਪੈਨਸ਼ਨ ਦਾ 50% ਹਿੱਸਾ ਬਤੌਰ ਫੈਮਲੀ ਪੈਨਸ਼ਨ ਲੈਣ ਦੇ ਹੱਕਦਾਰ ਹੋਣਗੇ। ਲੇਕਿਨ ਜੇਕਰ ਪਤੀ/ਪਤਨੀ ਦੂਜਾ ਵਿਆਹ ਕਰਵਾ ਲੈਂਦੇ ਹਨ ਜਾਂ ਉਹ ਸਰਕਾਰ ਦੀ ਬੁਢਾਪਾ ਪੈਨਸ਼ਨ ਪ੍ਰਾਪਤ ਕਰ ਰਿਹਾ/ਰਹੀ ਹੋਵੇ, ਤਾਂ ਬੋਰਡ ਤੋਂ ਫੈਮਲੀ ਪੈਨਸ਼ਨ ਲੈਣ ਦੇ ਹੱਕਦਾਰ ਨਹੀਂ ਹੋਣਗੇ। ਜੇਕਰ ਪਤੀ ਪਤਨੀ ਦੋਵੇਂ ਬੋਰਡ ਦੇ ਲਾਭਪਾਤਰੀ ਹਨ ਅਤੇ ਦੋਨਾਂ ਨੂੰ ਪੈਨਸ਼ਨ ਮਿਲ ਰਹੀ ਹੋਵੇ ਤਾਂ ਪਤੀ ਜਾਂ ਪਤਨੀ ਵਿਚੋਂ ਕਿਸੇ ਇਕ ਦੀ ਮੌਤ ਹੋਣ ਤੇ ਦੂਜਾ ਫੈਮਲੀ ਪੈਨਸ਼ਨ ਦਾ ਹਕਦਾਰ ਨਹੀਂ ਹੋਵੇਗਾ।

8. ਅਜਿਹੇ ਪੰਜੀਕ੍ਰਿਤ ਉਸਾਰੀ ਕਿਰਤੀ ਜਿਹੜੇ ਪੰਜਾਬ ਸਰਕਾਰ ਦੀ ਬੁਢਾਪਾ ਪੈਨਸ਼ਨ ਜਾਂ ਉਸ ਅਧੀਨ ਕਿਸੇ ਵੀ ਬੋਰਡ/ਕਾਰਪੋਰੇਸ਼ਨ ਦੀ ਕਿਸੇ ਤਰ੍ਹਾਂ ਦੀ ਵੀ ਪੈਨਸ਼ਨ ਲੈਂਣ ਲਈ ਤਰਜੀਹ ਦੇਣਗੇ ਉਹ ਬੋਰਡ ਦੀ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਦੇ ਹੱਕਦਾਰ ਨਹੀਂ ਹੋਣਗੇ। ਪ੍ਰਾਰਥੀ ਵਲੋਂ ਇਸ ਬਾਰੇ ਨਿਰਧਾਰਤ ਫਾਰਮ ਵਿਚ ਸਵੈ ਘੋਸ਼ਣਾ ਪੱਤਰ ਦੇਣਾ ਹੋਵੇਗਾ ਕਿ ਉਹ ਪੰਜਾਬ ਸਰਕਾਰ ਵਲੋਂ ਕਿਸੇ ਕਿਸਮ ਦੀ ਕੋਈ ਪੈਨਸ਼ਨ ਪ੍ਰਾਪਤ ਨਹੀਂ ਕਰ ਰਿਹਾ ਹੈ।

9. ਜੇਕਰ ਪਤੀ ਪਤਨੀ ਦੋਨਾਂ ਵਿਚੋ ਕੋਈ ਇਕ ਪੈਨਸ਼ਨ ਲੈ ਰਿਹਾ ਹੋਵੇ ਅਤੇ ਦੋਨੋ ਬੋਰਡ ਦੇ ਲਾਭਪਾਤਰੀ ਹਨ ਅਤੇ ਪੈਨਸ਼ਨ ਪ੍ਰਾਪਤ ਕਰਨ ਵਾਲੇ ਪਤੀ ਜਾਂ ਪਤਨੀ ਦੀ ਮੌਤ ਹੋਣ ਦੀ ਸੂਰਤ ਵਿਚ ਦੂਜੇ ਲਾਭਪਾਤਰੀ ਪਤੀ ਜਾਂ ਪਤਨੀ ਜੋ ਵੀ ਜਿੰਦਾ ਹੋਵੇ ਨੂੰ ਉਦੋ ਤੱਕ ਫੈਮਲੀ ਪੈਨਸ਼ਨ ਦਿਤੀ ਜਾਵੇਗੀ, ਜਦੋ ਤੱਕ ਇਹ ਖੁਦ ਬੋਰਡ ਵਲੋਂ ਪੈਨਸ਼ਨ ਪ੍ਰਾਪਤ ਕਰਨ ਦਾ ਹਕਦਾਰ ਨਹੀਂ ਹੋ ਜਾਂਦਾ। ਪੈਨਸ਼ਨ ਪ੍ਰਾਪਤ ਹੋਣ ਤੋਂ ਫੈਮਲੀ ਪੈਨਸ਼ਨ ਬੰਦ ਹੋ ਜਾਵੇਗੀ।

10. ਪੈਨਸ਼ਨ ਦੀ ਅਦਾਇਗੀ ਤਿਮਾਹੀ ਤੌਰ ਤੇ ਜਾਂ ਸਮੇਂ-ਸਮੇਂ ਤੇ ਬੋਰਡ ਵਲੋਂ ਨਿਰਧਾਰਿਤ ਕੀਤੀ ਅਵਧੀ ਅਨੁਸਾਰ ਬੈਂਕ ਖਾਤਿਆਂ ਰਾਹੀਂ ਕੀਤੀ ਜਾਵੇਗੀ।

11. ਪੈਨਸ਼ਨ ਦੀ ਦਰਖਾਸਤ ਜਿਲ੍ਹੇ ਦੇ ਅਧਿਕਾਰੀ ਜਿਵੇਂ ਕਿ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਪਾਸ ਫਾਰਮ ਨੰ: 42 ਵਿਚ ਸਮੇਤ ਸਵੈ-ਘੋਸ਼ਣਾ ਦਿਤੀ ਜਾਵੇਗੀ, ਜੋ ਕਿਰਤ ਇੰਸਪੈਕਟਰ ਪਾਸੋਂ ਪੜਤਾਲ ਕਰਵਾਉਣ ਉਪਰੰਤ ਉਪ ਮੰਡਲ ਪੱਧਰ ਤੇ ਬਣਾਈਆਂ ਕਮੇਟੀਆਂ ਦੀ ਸਿਫਾਰਸ਼ ਸਹਿਤ ਡਿਪਟੀ ਕਮਿਸ਼ਨਰ ਰਾਹੀਂ ਸਕੱਤਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨੂੰ ਭੇਜਣਗੇ।

12. ਪੈਨਸ਼ਨ ਮੰਨਜੂਰ ਕਰਨ ਲਈ ਸਕੱਤਰ ਬੋਰਡ ਜਾਂ ਉਨ੍ਹਾਂ ਵਲੋਂ ਅਧਿਕਾਰਤ ਕੀਤਾ ਗਿਆ ਅਧਿਕਾਰੀ ਸਮਰਥ ਅਧਿਕਾਰੀ ਹੋਵੇਗਾ।

13. ਜੇਕਰ ਪੈਨਸ਼ਨ ਦੀ ਦਰਖਾਸਤ ਡਿਪਟੀ ਕਮਿਸ਼ਨਰ ਅਧੀਨ ਉਪ ਮੰਡਲ ਪਧੱਰ ਤੇ ਬਣਾਈ ਕਮੇਟੀ ਵਲੋਂ ਨਾਂ ਮੰਨਜੂਰ ਕੀਤੀ ਜਾਂਦੀ ਹੈ ਤਾਂ ਉਹ ਆਪਣੀ ਅਪੀਲ 60 ਦਿਨਾਂ ਦੇ ਅੰਦਰ-ਅੰਦਰ ਸਕੱਤਰ ਬੋਰਡ ਪਾਸ ਕਰ ਸਕਦਾ ਹੈ। ਲਾਭਪਾਤਰੀ ਵਲੋਂ ਦੇਰੀ ਦੇ ਕਾਰਣ ਸਪਸ਼ਟ ਕਰਨ ਤੇ ਜੇਕਰ ਸਕੱਤਰ ਬੋਰਡ ਸੰਤੁਸ਼ਟ ਹੋਣ ਤਾਂ 60 ਦਿਨਾਂ ਤੋਂ ਬਾਅਦ ਦੀ ਦੇਰੀ ਨੂੰ ਵੱਧ ਤੋਂ ਵੱਧ ਇਕ ਸਾਲ ਤਕ ਨਜਰ ਅੰਦਾਜ ਕੀਤਾ ਜਾ ਸਕਦਾ ਹੈ। ਸਮਰਥ ਅਧਿਕਾਰੀ ਵਲੋਂ ਉਸਾਰੀ ਕਿਰਤੀ ਦੀ ਅਰਜੀ, ਉਸਨੂੰ ਨਿੱਜੀ ਸੁਣਵਾਈ ਦਾ ਮੌਕਾ ਦਿਤੇ ਬਿਨਾਂ ਰੱਦ ਨਹੀਂ ਕੀਤੀ ਜਾਵੇਗੀ।ਅਪੀਲ ਸਬੰਧੀ ਸਕੱਤਰ ਬੋਰਡ ਦਾ ਨਿਰਣਾ ਅੰਤਮ ਹੋਵੇਗਾ।

14. ਪੈਨਸ਼ਨ ਸਕੀਮ 3 ਸਾਲ ਦੀ ਅਵਧੀ ਉਪਰੰਤ ਬੋਰਡ ਦੇ ਵਿਚਾਰ ਹਿਤ ਪੇਸ਼ ਕੀਤੀ ਜਾਵੇਗੀ।ਜੇਕਰ ਬੋਰਡ ਉਚਿਤ ਸਮਝੇ ਤਾਂ ਇਸ ਸਕੀਮ ਨੂੰ ਰਿਵਾਈਜ਼ ਕੀਤਾ ਜਾ ਸਕਦਾ ਹੈ।

15. ਪੈਨਸ਼ਨਰ ਨੂੰ ਹਰ ਸਾਲ ਜਨਵਰੀ ਦੇ ਮਹੀਨੇ ਵਿਚ ਆਪਣੇ ਜਿੰਦਾ ਹੋਣ ਸਬੰਧੀ ਸਬੰਧਤ ਬੈਂਕ ਬ੍ਰਾਂਚ ਵਿਚ ਯੋਗ ਪ੍ਰੋਫਾਰਮੇ ਵਿਚ ਸਰਟੀਫਿਕੇਟ ਦੇਣਾ ਹੋਵੇਗਾ। ਜੇਕਰ ਕਿਰਤੀ ਇਹ ਸਰਟੀਫਿਕੇਟ ਨਹੀਂ ਦਿੰਦਾ ਹੈ ਤਾਂ ਬੈਂਕ ਵਲੋਂ ਉਸਦੀ ਪੈਨਸ਼ਨ ਰੋਕ ਦਿਤੀ ਜਾਵੇਗੀ। ਇਹ ਸਰਟੀਫਿਕੇਟ ਪੇਸ਼ ਕਰਨ ਤੇ ਪੈਨਸ਼ਨ ਸਮੇਤ ਪੈਨਸ਼ਨ ਦੇ ਬਕਾਏ ਦੇ, ਬੈਂਕ ਵਲੋਂ ਮੁੜ ਸ਼ੁਰੂ ਕੀਤੀ ਜਾਵੇਗੀ।

16. ਪੈਨਸ਼ਨਰ ਨੂੰ ਪੀ.ਪੀ.ਓ. ਡਿਪਟੀ ਸਕੱਤਰ ਬੋਰਡ ਵਲੋਂ ਜਾਰੀ ਕੀਤਾ ਜਾਵੇਗਾ ਅਤੇ ਸਕੱਤਰ ਬੋਰਡ ਦੇ ਦਫਤਰ ਵਿਚ ਪੀ.ਪੀ.ਓ. ਜਾਰੀ ਕਰਨ ਸਬੰਧੀ ਰਿਕਾਰਡ ਫਾਰਮ ਨੰ: 43 ਵਿਚ ਰੱਖਿਆ ਜਾਵੇਗਾ।

17. ਜੇਕਰ ਕਿਸੇ ਪੈਨਸ਼ਨਰ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਬੈਂਕ ਜਾਂ ਵਿਭਾਗ ਦੇ ਕਿਸੇ ਅਧਿਕਾਰੀ/ ਕਰਮਚਾਰੀ ਪ੍ਰਤਿ ਕੋਈ ਸ਼ਿਕਾਇਤ ਹੋਵੇ, ਤਾਂ ਉਸਦਾ ਨਿਪਟਾਰਾ ਸਕੱਤਰ ਬੋਰਡ ਦੀ ਪੱਧਰ ਤੇ ਕੀਤਾ ਜਾਵੇਗਾ।